ਨੰ: ਐਸ.ਸੀ.ਐਸ.ਪੀ(ਖੋ.ਅ-1)-38(III)/2017/21-51


ਪੰਜਾਬ ਸਰਕਾਰ
ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ
(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)
ਐਸ.ਸੀ.ਓ.ਨੰ:149-152, ਸੈਕਟਰ 17-ਸੀ, ਚੰਡੀਗੜ੍ਹ
ਫੋਨ ਨੰ: 2707274, 2709274(ਫੈਕਸ)
**email: dir.scsp@punjab.gov.in**


ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ/ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/
ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
(ਐਸ.ਸੀ.ਐਸ.ਪੀ ਨਾਲ ਸਬੰਧਤ)

ਮਿਤੀ: ਚੰਡੀਗੜ੍ਹ 02 ਜਨਵਰੀ, 2018

ਵਿਸ਼ਾ:- **ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) 2018-19 ਨੂੰ ਅੰਤਿਮ ਕਰਨ ਬਾਰੇ ।**

******

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਇਹ ਸੂਚਿਤ ਕੀਤਾ ਜਾਂਦਾ ਹੈ ਕਿ ਮੌਜੂਦਾ ਸਰਕਾਰ ਦੇ ਪੰਜ ਸਾਲਾਂ ਵਰਕ ਪ੍ਰੋਗਰਾਮ (Core Policies/Acts/Programmes) ਵਿੱਚ ਦਰਜ ਉਦੇਸ਼ਾਂ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ) ਨੂੰ ਤਿਆਰ ਕਰਕੇ ਪੰਜਾਬ ਵਿਧਾਨ ਸਭਾ ਵਿੱਚ ਸਾਲਾਨਾ ਬਜਟ ਨਾਲ ਪੇਸ਼ ਕੀਤਾ ਜਾਣਾ ਹੈ। ਵਿੱਤ ਵਿਭਾਗ ਪੰਜਾਬ ਵੱਲੋਂ ਪਹਿਲਾਂ ਹੀ ਅਪਣੇ ਪੱਤਰ ਨੰ: 1/12/2017-1 ਵਿ.ਬ. 1/3487 ਮਿਤੀ 30.11.2017 ਰਾਹੀਂ ਸਾਲ 2018-19 ਦੇ ਬਜਟ ਅਨੁਮਾਨ ਤਿਆਰ ਕਰਨ ਸਬੰਧੀ ਅਗਵਾਈ ਲੀਹਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਇਸ ਦੇ ਸਨਮੁੱਖ ਐਸ.ਸੀ.ਐਸ.ਪੀ 2018-19 ਦੇ ਦਸਤਾਵੇਜ ਨੂੰ ਰਾਜ ਬਜਟ 2018-19 ਦੇ ਕੁੱਲ ਖਰਚੇ ਦੇ ਅਨੁਮਾਨਾਂ ਦੇ ਦਸਤਾਵੇਜ਼ ਦੇ ਨਾਲ ਹੀ ਤਿਆਰ ਕਰਕੇ ਪੰਜਾਬ ਵਿਧਾਨ ਸਭਾ ਵਿੱਚ ਸਾਲਾਨਾ ਬਜਟ ਨਾਲ ਪੇਸ਼ ਕਰਨ ਦੀ ਪ੍ਰੀਕ੍ਰਿਆ ਮੁੰਕਮਲ ਕਰਨ ਦੀ ਲੋੜ ਹੈ। ਇਸ ਲਈ ਐਸ.ਸੀ.ਐਸ.ਪੀ. 2018-19 ਦੇ ਸਕੀਮਵਾਰ ਖਰਚੇ ਦੇ ਅਨੁਮਾਨਾਂ ਨੂੰ ਬਜਟ 2018-19 ਦੀਆਂ ਸਬੰਧਤ ਸਕੀਮਾਂ ਦੇ ਕੁੱਲ ਖਰਚੇ ਦੇ ਅਨੁਮਾਨਾਂ ਦੇ ਤਰਕਸੰਗਤ ਹਿੱਸੇ ਵੱਜੋਂ ਸ਼ਾਮਿਲ ਕਰਕੇ, ਐਸ.ਸੀ.ਐਸ.ਪੀ. 2018-19 ਦੇ ਖਰਚੇ ਦੇ ਅਨੁਮਾਨਾਂ ਨੂੰ ਵੀ ਬਜਟ 2018-19 ਦੇ ਖਰਚੇ ਦੇ ਅਨੁਮਾਨਾਂ ਦੇ ਨਾਲ-ਨਾਲ ਤਰਜੀਹ ਦੇ ਆਧਾਰ ਤੇ ਅੰਤਿਮ ਕੀਤਾ ਜਾਣਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਪ੍ਰਬੰਧਕੀ ਵਿਭਾਗ, ਐਸ.ਸੀ.ਐਸ.ਪੀ. 2018-19 ਸਬੰਧੀ ਤਜ਼ਵੀਜ਼ਾਂ ਤਿਆਰ ਕਰਕੇ ਇਸ ਵਿਭਾਗ ਨੂੰ ਤੁਰੰਤ ਭੇਜਣ ਦੀ ਕ੍ਰਿਪਾਲਤਾ ਕਰਨਗੇ।

3. ਰਾਜ ਵਿੱਚ ਅਨੁਸੂਚਿਤ ਜਾਤੀਆਂ ਸਬ ਪਲਾਨ ਨੂੰ ਹੋਰ ਅਸਰਦਾਰ ਤਰੀਕੇ ਨਾਲ ਲਾਗੂ ਕਰਨ ਲਈ ਮੰਤਰੀ ਪ੍ਰੀਸ਼ਦ ਵੱਲੋਂ ਅਪਣੀ ਮੀਟਿੰਗ ਮਿਤੀ 20.1.2014 ਵਿੱਚ ਕੁੱਝ ਅਹਿਮ ਫੈਸਲੇ ਲਏ ਗਏ ਸਨ, ਜਿਸ ਦੇ ਸਨਮੁੱਖ ਭਲਾਈ ਵਿਭਾਗ ਵੱਲੋਂ ਅਪਣੇ ਗੈ:ਸ:ਪੱ: ਨੰ:ਖੋ.ਅ.(ਐਸ.ਸੀ.ਐਸ.ਪੀ)-76/2014/726-801 ਮਿਤੀ 10.2.2014 ਰਾਹੀਂ ਜਾਰੀ ਅਧਿਸੂਚਨਾ ਆਪ ਨੂੰ ਵੀ ਭੇਜੀ ਗਈ ਸੀ । ਇਸ ਉਪਰੰਤ ਤਤਕਾਲੀਨ ਯੋਜਨਾ ਕਮਿਸ਼ਨ (ਹੁੱਣ ਨੀਤੀ ਆਯੋਗ) ਦੀਆਂ ਮਿਤੀ 18.6.2014 ਦੀਆਂ ਐਸ.ਸੀ.ਐਸ.ਪੀ. ਸਬੰਧੀ ਸੋਧੀਆਂ ਅਗਵਾਈ ਲੀਹਾਂ ਦੇ

ਸਨਮੁੱਖ ਉਕਤ ਅਧਿਸੂਚਨਾ ਮਿਤੀ 10.2.2014 ਵਿਚ ਅੰਸ਼ਿਕ ਸੋਧ ਕਰਦੇ ਹੋਏ ਅਧਿਸੂਚਨਾ ਮਿਤੀ 4.1.2017 ਜਾਰੀ ਕੀਤੀ ਗਈ ਸੀ, ਜਿਸ ਦੀ ਕਾਪੀ ਵੀ ਗੈ:ਸ:ਪੱ: ਨੰ:ਖੋ.ਅ.(ਐਸ.ਸੀ.ਐਸ.ਪੀ)-76/2017/105 ਮਿਤੀ 4.1.2017 ਰਾਹੀਂ ਆਪ ਨੂੰ ਭੇਜੀ ਗਈ ਸੀ। ਇਹ ਦੋਵੇਂ ਅਧਿਸੂਚਨਾਵਾਂ ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਉਪ ਲਿੰਕ Directorate of SCSP/State Notifications (Annexure-III) ਤੇ ਵੀ ਉਪਲੱਬਧ ਹਨ।

4. ਅਨੁਸੂਚਿਤ ਜਾਤੀਆਂ ਸਬ ਪਲਾਨ 2018-19 ਸਬੰਧੀ ਤਜਵੀਜ਼ਾਂ ਤਿਆਰ ਕਰਦੇ ਸਮੇਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਉਹ ਸਾਰੀਆਂ ਸਕੀਮਾਂ ਜਿਨ੍ਹਾਂ ਨੂੰ ਬਜਟ 2018-19 ਦੇ ਖਰਚੇ ਦੇ ਅਨੁਮਾਨਾਂ ਵਿਚ ਸ਼ਾਮਿਲ ਕਰਨ ਦੀ ਤਜਵੀਜ ਹੈ (ਸਿਵਾਏ ਉਹਨਾਂ ਸਕੀਮਾਂ ਦੇ ਜੋ ਤਤਕਾਲੀਨ ਨਾਨ-ਪਲਾਨ ਦਾ ਹਿੱਸਾ ਸਨ) ਨੂੰ ਐਸ.ਸੀ.ਐਸ.ਪੀ. 2018-19 ਵਿਚ ਸ਼ਾਮਿਲ ਕਰਨ ਲਈ ਵਿਚਾਰਿਆ ਜਾਵੇ। ਇਹਨਾਂ ਸਕੀਮਾਂ ਹੇਠ ਐਸ.ਸੀ.ਐਸ.ਪੀ. ਦੇ ਖਰਚੇ ਦੇ ਅਨੁਮਾਨਾਂ ਨੂੰ ਨਿਰਧਾਰਤ ਕਰਦੇ ਸਮੇਂ ਹੇਠਾਂ ਦਰਸਾਏ ਮੁੱਦੇ ਧਿਆਨ ਰੱਖਣਯੋਗ ਹਨ:-

I. ਸਾਲ 2011 ਦੀ ਜਨਗਣਨਾ ਅਨੁਸਾਰ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੀ ਵਸੋਂ, ਰਾਜ ਦੀ ਕੁੱਲ ਵਸੋਂ ਦਾ 31.94% ਹੈ, ਜੋ ਕਿ ਦੇਸ਼ ਦੇ ਸਾਰੇ ਰਾਜਾਂ ਤੋਂ ਵੱਧ ਹੈ, ਇਸ ਲਈ ਜ਼ਰੂਰੀ ਹੈ ਕਿ :-

(ੳ) ਅਨੁਸੂਚਿਤ ਜਾਤੀਆਂ ਦੇ ਆਰਥਿਕ, ਸਮਾਜਿਕ ਅਤੇ ਸਿੱਖਿਅਕ ਵਿਕਾਸ ਲਈ ਵੱਧ ਤੋਂ ਵੱਧ ਨਵੀਆਂ ਸਕੀਮਾਂ ਤਿਆਰ ਕੀਤੀਆਂ ਜਾਣ।

ਅ) ਬਜਟ 2018-19 ਦੇ ਖਰਚੇ ਦੇ ਅਨੁਮਾਨਾਂ ਵਿਚ ਸ਼ਾਮਿਲ ਹੋਣ ਯੋਗ ਵੱਖ-ਵੱਖ ਸਕੀਮਾਂ ਅਧੀਨ ਰਾਸ਼ੀ ਵਿਚੋਂ ਐਸ.ਸੀ.ਐਸ.ਪੀ. ਦਾ ਹਿੱਸਾ (ਸਿੱਧੇ ਜਾਂ ਅਸਿੱਧੇ ਤੌਰ ਤੇ) ਤਰਕ ਸੰਗਤ (rationalized) ਆਧਾਰ ਤੇ ਵੱਧ ਤੋ ਵੱਧ ਰਾਖਵਾਂ ਰੱਖਿਆ ਜਾਵੇ। ਭਲਾਈ ਵਿਭਾਗ ਦੀ ਉਕਤ ਅਧਿਸੂਚਨਾ ਮਿਤੀ 4.1.2017 ਦੀ ਅਨੁਵਰਤੀ ਵਿਚ, ਆਪਣੇ ਵਿਭਾਗ ਦੀਆਂ ਐਸ.ਸੀ.ਐਸ.ਪੀ. 2016-17 ਵਿਚ ਦਰਜ ਉਹਨਾਂ ਸਕੀਮਾਂ ਜਿਨ੍ਹਾਂ ਤਹਿਤ ਉਪਬੰਧਾਂ ਦੇ ਮੁਕਾਬਲੇ ਘੱਟ ਰਾਸ਼ੀ ਰੀਲਿਜ ਹੋਈ ਸੀ ਨੂੰ ਵੀ ਵਿਚਾਰ ਅਧੀਨ ਰੱਖਿਆ ਜਾਵੇ ਅਤੇ ਇਹਨਾਂ ਸਕੀਮਾਂ ਦੇ ਉਪਬੰਧਾਂ ਅਤੇ ਰੀਲੀਜ ਵਿਚਲੇ ਅੰਤਰ (difference between outlay and release amount during 2016-17) ਦੇ ਬਰਾਬਰ ਦੀ ਰਾਸ਼ੀ ਨੂੰ ਲੋੜ ਅਨੁਸਾਰ ਐਸ.ਸੀ.ਐਸ.ਪੀ. 2018-19 ਦੀਆਂ ਸਬੰਧਤ ਸਕੀਮਾਂ ਵਿਚ ਸ਼ਾਮਿਲ ਕਰਨ ਲਈ ਵਿਚਾਰਿਆ ਜਾਵੇ। ਇਸ ਤਰ੍ਹਾਂ ਐਸ.ਸੀ.ਐਸ.ਪੀ. 2018-19 ਦੀਆਂ ਅਜਿਹੀਆਂ ਸਕੀਮਾਂ ਤਹਿਤ ਖਰਚੇ ਦੇ ਅਨੁਮਾਨ ਨਾਰਮਲ ਤੌਰ ਤੇ ਨਿਰਧਾਰਤ ਕੀਤੇ ਜਾਂਦੇ ਅਨੁਮਾਨਾਂ ਤੋਂ ਵੱਧ ਹੋ ਜਾਣਗੇ।

(ੲ) ਜੇਕਰ ਪਹਿਲਾਂ ਤੋਂ ਚਲ ਰਹੀਆਂ ਸਕੀਮਾਂ ਅਧੀਨ ਐਸ.ਸੀ.ਐਸ.ਪੀ. ਲਈ ਹਿੱਸਾ ਰਾਖਵਾਂ ਰੱਖਣਾ ਸੰਭਵ ਨਾ ਹੋਵੇ ਤਾਂ ਇਨ੍ਹਾਂ ਸਕੀਮਾਂ ਵਿੱਚ ਇਸ ਤਰ੍ਹਾਂ ਨਾਲ ਸੋਧ ਕੀਤੀ ਜਾਵੇ ਕਿ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਦਿੱਤਾ ਜਾ ਸਕੇ।

(ਸ) ਕਿਉਂਕਿ ਹਰ ਸਕੀਮ ਦੇ ਖਰਚੇ ਦੇ ਅਨੁਮਾਨ ਵਿਚੋਂ ਅਨੁਸੂਚਿਤ ਜਾਤੀਆਂ ਦੀ ਵਸੋਂ ਦੀ ਪ੍ਰਤੀਸ਼ਤਤਾ ਦੇ ਬਰਾਬਰ ਦੀ ਰਾਸ਼ੀ, ਐਸ.ਸੀ.ਐਸ.ਪੀ. ਅਧੀਨ ਨਿਰਧਾਰਤ ਕਰਨੀ ਸੰਭਵ ਨਹੀਂ ਹੈ, ਇਸ ਲਈ ਅਪਣੇ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਨਾਲ ਸਬੰਧਤ ਸਕੀਮਾਂ ਵਿਚੋਂ ਐਸ.ਸੀ.ਐਸ.ਪੀ. ਦੇ ਖਰਚੇ ਦੇ ਅਨੁਮਾਨ ਨਿਰਧਾਰਤ ਕਰਦੇ ਸਮੇਂ ਭਲਾਈ ਵਿਭਾਗ ਵੱਲੋਂ ਜਾਰੀ ਅਧਿਸੂਚਨਾ ਮਿਤੀ 10.2.2014 ਦੇ ਫੈਸਲਿਆਂ ਅਤੇ ਹੇਠ ਦਰਸਾਏ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ :-

(i) ਰਾਜ ਦੀ ਅਨੁਸੂਚਿਤ ਜਾਤੀਆਂ ਦੀ ਆਬਾਦੀ।
(ii) ਵਿਦਿਅਕ ਸੰਸਥਾਵਾਂ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਦਾਖਲੇ ਦੀ ਦਰ ।
(iii) ਦਾਖਲੇ/ਸੇਵਾਵਾਂ ਵਿੱਚ ਰਾਖਵਾਂਕਰਨ ਦੀ ਪਾਲਿਸੀ।
(iv) ਲਾਭਪਾਤਰੀ ਸਕੀਮਾਂ ਅਧੀਨ ਲਾਭਪਾਤਰੀਆਂ ਨੂੰ ਜਾਣ ਵਾਲਾ ਅਸਲ ਲਾਭ।
(v) ਅਨੁਸੂਚਿਤ ਜਾਤੀਆਂ ਦੀ ਬਹੁਤਾਤ ਵਾਲੇ ਪਿੰਡ/ਇਲਾਕੇ।
(vi) ਅਨੁਸੂਚਿਤ ਜਾਤੀਆਂ ਕੋਲ ਖੇਤੀਬਾੜੀ ਜੋਤਾਂ ਦੀ ਮਾਲਕੀ।

II. ਸਾਲ 2011 ਦੀ ਜਨਗਣਨਾ ਅਨੁਸਾਰ ਰਾਜ ਦੇ ਕੁੱਲ ਆਬਾਦ 12,165 ਪਿੰਡਾਂ ਵਿਚੋਂ 4799 (39.45%) ਪਿੰਡ ਅਜਿਹੇ ਹਨ, ਜਿਨ੍ਹਾਂ ਵਿੱਚ ਅਨੁਸੂਚਿਤ ਜਾਤੀਆਂ ਦੀ ਵਸੋਂ 40% ਜਾਂ ਇਸ ਤੋਂ ਵੱਧ ਹੈ। ਇਹਨਾਂ ਪਿੰਡਾਂ ਦੀ ਸੂਚੀ ਇਸ ਵਿਭਾਗ ਦੇ ਪੱਤਰ ਨੰ: ਖੋ.ਅ.(ਐਸ.ਸੀ.ਐਸ.ਪੀ)-38/2014-15/5515 ਮਿਤੀ 12.11.2013 ਰਾਹੀਂ ਪਹਿਲਾਂ ਹੀ ਸਬੰਧਤ ਪ੍ਰਬੰਧਕੀ ਸਕੱਤਰਾਂ ਅਤੇ ਵਿਭਾਗਾਂ ਨੂੰ ਸਰਕਾਰੀ ਈ-ਮੇਲ ਤੇ ਭੇਜੀ ਜਾ ਚੁੱਕੀ ਹੈ। ਇਹ ਡਾਟਾ ਭਲਾਈ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਉਪ ਲਿੰਕ Directorate of SCSP/Statistics about SC population in Punjab ਤੇ ਵੀ ਉਪਲੱਬਧ ਹੈ।

ਤਤਕਾਲੀਨ ਯੋਜਨਾ ਕਮਿਸ਼ਨ (ਹੁੱਣ ਨੀਤੀ ਆਯੋਗ), ਭਾਰਤ ਸਰਕਾਰ ਦੀਆਂ ਅਗਵਾਈ ਲੀਹਾਂ ਅਨੁਸਾਰ ਅਨੁਸੂਚਿਤ ਜਾਤੀਆਂ ਦੀ 40% ਜਾਂ ਇਸ ਤੋਂ ਵੱਧ ਵਸੋਂ ਵਾਲੇ ਪਿੰਡਾਂ/ਇਲਾਕਿਆਂ ਨੂੰ ਅਨੁਸੂਚਿਤ ਜਾਤੀਆਂ ਦੀ ਘਣਤਾ ਵਾਲੇ ਪਿੰਡ/ਇਲਾਕੇ ਮੰਨਦੇ ਹੋਏ, ਘੱਟੋ ਘੱਟ ਮੁੱਢਲੀਆਂ ਸੇਵਾਵਾਂ ਜਿਵੇਂ ਕਿ ਪੀਣ ਵਾਲਾ ਪਾਣੀ, ਪ੍ਰਾਇਮਰੀ ਸਿੱਖਿਆ, ਸਿਹਤ ਸੇਵਾਵਾਂ, ਗਰੀਬਾਂ ਲਈ ਘਰ /ਟਾਇਲਟਸ, ਪੇਂਡੂ ਬਿਜਲੀਕਰਣ, ਪਿੰਡਾਂ ਨੂੰ ਜੋੜਣ ਵਾਲੀਆਂ ਸੜਕਾਂ ਆਦਿ ਸਬੰਧੀ ਸਹੂਲਤਾਂ, ਇਨ੍ਹਾਂ ਪਿੰਡਾਂ/ਇਲਾਕਿਆਂ ਵਿੱਚ ਅਗੇਤ ਦੇ ਆਧਾਰ ਤੇ ਮੁਹੱਈਆਂ ਕਰਵਾਈਆਂ ਜਾਣੀਆਂ ਹਨ। ਇਸ ਲਈ ਬੁਨਿਆਦੀ ਢਾਂਚਾ ਸਹੂਲਤਾਂ ਪ੍ਰਦਾਨ ਕਰਨ ਵਾਲੀਆਂ ਸਕੀਮਾਂ ਤਿਆਰ ਕਰਦੇ ਸਮੇਂ 40% ਜਾਂ ਇਸ ਤੋਂ ਵੱਧ ਅਨੁਸੂਚਿਤ ਜਾਤੀ ਵਸੋਂ ਵਾਲੇ ਪਿੰਡਾਂ/ਇਲਾਕਿਆਂ ਨੂੰ ਤਰਜੀਹ ਦੇ ਆਧਾਰ ਤੇ ਕਵਰ ਕੀਤਾ ਜਾਵੇ, ਕਿਉਂਕਿ ਇਹਨਾਂ ਪਿੰਡਾਂ/ਇਲਾਕਿਆਂ ਵਿੱਚ ਖਰਚ ਕੀਤੀ ਜਾਣ ਵਾਲੀ ਪੂਰੀ ਦੀ ਪੂਰੀ ਰਾਸ਼ੀ ਨੂੰ ਐਸ.ਸੀ.ਐਸ.ਪੀ. ਅਧੀਨ ਖਰਚਾ ਮੰਨਿਆਂ ਜਾਣਾ ਹੈ ਭਾਵੇਂ ਕਿ ਇਸ ਦਾ ਲਾਭ ਸਮਾਜ ਦੇ ਕਿਸੇ ਹੋਰ ਵਰਗ ਨੂੰ ਵੀ ਮਿਲਦਾ ਹੋਵੇ।

III. ਤਤਕਾਲੀਨ ਯੋਜਨਾ ਕਮਿਸ਼ਨ (ਹੁੱਣ ਨੀਤੀ ਆਯੋਗ), ਭਾਰਤ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਕੀਤੀਆ ਗਈਆਂ ਅਗਵਾਈ ਲੀਹਾਂ ਅਨੁਸਾਰ ਐਸ.ਸੀ.ਐਸ.ਪੀ. ਲਈ ਰਾਖਵੀਂ ਰੱਖੀ ਗਈ ਰਾਸ਼ੀ ਕਿਸੇ ਵੀ ਪੱਖੋਂ ਜਨਰਲ ਸੈਕਟਰਾਂ ਵਿੱਚ ਤਬਦੀਲ ਕਰਕੇ ਨਹੀਂ ਖਰਚੀ ਜਾ ਸਕਦੀ। ਐਸ.ਸੀ.ਐਸ.ਪੀ. ਦੀ ਰਾਸ਼ੀ ਨੂੰ ਸਾਲਾਨਾ ਬਜਟ ਵਿੱਚ ਬੁੱਕ ਕਰਨ ਲਈ ਵਿੱਤ ਵਿਭਾਗ ਵਲੋਂ ਪਹਿਲਾਂ ਹੀ ਅਪਣੇ ਪੱਤਰ ਨੰ: 8/5/90-3FBII/637, ਮਿਤੀ 18-1-1996 ਰਾਹੀਂ ਵੱਖ-ਵੱਖ ਵਿਭਾਗਾਂ ਦੇ ਮੇਜਰ/ਸਬ-ਮੇਜਰ ਮੱਦਾਂ ਹੇਠ ਇੱਕ ਵੱਖਰਾ **ਮਾਈਨਰ ਹੈਡ-789 'ਐਸ.ਸੀ.ਪੀ. ਫਾਰ ਐਸ.ਸੀਜ਼'** ਖੋਲਿਆ ਹੋਇਆ ਹੈ। ਉਹਨਾਂ ਵੱਲੋ ਇਸ ਪੱਤਰ ਰਾਹੀਂ ਸਕੀਮਾਂ ਵਿਚੋਂ ਐਸ.ਸੀ.ਐਸ.ਪੀ. ਸਕੀਮਾਂ/ਹਿੱਸਾ ਇਸ ਮਾਈਨਰ ਹੈਡ ਅਧੀਨ ਬੁੱਕ ਕਰਨ ਲਈ ਵੀ ਕਿਹਾ ਹੋਇਆ ਹੈ। ਇਸ ਲਈ ਇਸ ਵਿਭਾਗ ਵੱਲੋਂ ਸਾਲ 2018-19 ਦੇ ਅੰਤਮ ਕੀਤੇ ਜਾਣ ਵਾਲੇ ਐਸ.ਸੀ.ਐਸ.ਪੀ. ਖਰਚੇ ਦੇ ਅਨੁਮਾਨਾਂ ਨੂੰ **ਮਾਈਨਰ ਹੈਡ-789 'ਐਸ.ਸੀ.ਪੀ. ਫਾਰ ਐਸ.ਸੀਜ਼'** ਤਹਿਤ ਬੁੱਕ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਸਾਲ 2018-19 ਦੌਰਾਨ ਕੋਈ ਨਵੀ ਸਕੀਮ ਬਜਟ ਵਿੱਚ ਸਾਮਲ ਕੀਤੀ ਜਾਂਦੀ ਹੈ ਅਤੇ ਉਸ ਅਧੀਨ ਐਸ.ਸੀ.ਐਸ.ਪੀ ਦਾ ਹਿੱਸਾ ਵੀ ਰੱਖਿਆ ਜਾਂਦਾ ਹੈ ਤਦ ਐਸ.ਸੀ.ਐਸ.ਪੀ ਦਾ ਹਿੱਸਾ ਸਬੰਧਤ ਬਜਟ ਹੈਡ ਤਹਿਤ ਉਕਤ ਮਾਈਨਰ ਹੈਡ ਖੋਲਣ ਉਪਰੰਤ ਐਸ.ਸੀ.ਐਸ.ਪੀ. ਉਪਬੰਧਾਂ ਨੂੰ ਬੁੱਕ ਕੀਤਾ ਜਾਵੇ।

IV. ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਵਲੋਂ ਕੇਂਦਰੀ ਪ੍ਰਾਯੋਜਿਤ ਸਕੀਮਾਂ ਦੇ ਕੇਂਦਰੀ ਹਿੱਸੇ ਲਈ ਐਸ.ਸੀ.ਐਸ.ਪੀ. ਅਤੇ ਜਨਰਲ ਕੰਪੋਨੈਟਾਂ ਦੀਆਂ ਸੈਂਕਸ਼ਨਾਂ ਵੱਖਰੇ ਵੱਖਰੇ ਤੌਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ। ਇਸ ਲਈ ਸਾਲ 2018-19 ਦੌਰਾਨ ਆਪ ਦੇ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਵਲੋਂ ਲਾਗੂ ਕੀਤੀਆਂ ਜਾਣ ਵਾਲੀਆਂ ਕੇਂਦਰੀ ਪ੍ਰਾਯੋਜਿਤ ਸਕੀਮਾਂ ਲਈ ਕੇਂਦਰ ਤੋਂ ਐਸ.ਸੀ.ਐਸ.ਪੀ. ਅਧੀਨ ਪ੍ਰਾਪਤ ਹੋਣ ਵਾਲੇ ਕੇਂਦਰੀ ਹਿੱਸੇ ਦੇ ਵਿਰੁੱਧ ਰਾਜ ਦੇ ਹਿੱਸੇ ਵਜੋਂ ਬਣਦੇ ਐਸ.ਸੀ.ਐਸ.ਪੀ. ਹਿੱਸੇ ਦਾ ਉਪਬੰਧ ਕਰਵਾਉਣ ਦੀ ਖੇਚਲ ਕੀਤੀ ਜਾਵੇ।

V. ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋਂ ਗੁਜਰਾਤ, ਬਿਹਾਰ ਅਤੇ ਝਾਰਖੰਡ ਰਾਜਾਂ ਨੂੰ ਦਿੱਤੀ ਗਈ ਅਗਵਾਈ ਦੇ ਸਨਮੁੱਖ, ਇਸ ਵਿਭਾਗ ਵੱਲੋਂ ਯੋਜਨਾ ਕਮਿਸ਼ਨ (ਹੁਣ ਨੀਤੀ ਆਯੋਗ) ਵੱਲੋਂ ਜੂਨ, 2014 ਵਿਚ ਪੰਜਾਬ ਰਾਜ ਲਈ ਜਾਰੀ ਕੀਤੇ ਗਏ "ਗਰੀਬੀ ਅਨੁਮਾਨਾਂ" ਦੇ ਸਨਮੁੱਖ ਬੀ.ਪੀ.ਐਲ. ਪਰਿਵਾਰਾਂ ਦੀ ਸਨਾਖਤ ਲਈ ਆਮਦਨ ਹੱਦ ਵਿਚ ਸੋਧ ਕੀਤੀ ਗਈ ਹੈ। ਇਸ ਅਨੁਸਾਰ ਸ਼ਹਿਰੀ ਖੇਤਰ ਲਈ 88,756/- ਰੁਪਏ ਅਤੇ ਦਿਹਾਤੀ ਖੇਤਰ ਲਈ 67,649/- ਰੁਪਏ ਦੀ ਪਰਿਵਾਰਿਕ ਸਾਲਾਨਾ ਆਮਦਨ ਹੱਦ (ਗਰੀਬੀ ਰੇਖਾ) ਨਿਰਧਾਰਿਤ ਕੀਤੀ ਗਈ ਹੈ। ਇਸ ਦੇ ਸਨਮੁੱਖ ਇਸ ਵਿਭਾਗ ਵੱਲੋਂ ਮਿਤੀ 8.10.2015 ਨੂੰ ਜਾਰੀ ਹਦਾਇਤਾਂ ਆਪ

ਨੂੰ ਭੇਜੀਆ ਗਈਆਂ ਸਨ। ਇਸ ਲਈ ਐਸ.ਸੀ.ਐਸ.ਪੀ. ਅਧੀਨ ਅਜਿਹੀਆਂ ਸਕੀਮਾਂ ਜਿਨ੍ਹਾਂ ਤਹਿਤ ਅਨੁਸੂਚਿਤ ਜਾਤੀ ਬੀ.ਪੀ.ਐਲ. ਪਰਿਵਾਰਾਂ ਨੂੰ ਲਾਭ ਦਿੱਤਾ ਜਾਂਦਾ ਹੈ, ਦੀ ਚੋਣ ਇਸ ਆਮਦਨ ਹੱਦ ਦੇ ਆਧਾਰ ਤੇ ਕੀਤੀ ਜਾਵੇ।

VI. ਐਸ.ਸੀ.ਐਸ.ਪੀ 2017-18 ਦੇ ਸੋਧੇ ਅਨੁਮਾਨਾ ਸਬੰਧੀ ਇਸ ਵਿਭਾਗ ਦੇ ਪੱਤਰ ਨੰ: ਐਸ.ਸੀ.ਐਸ.ਪੀ.(ਖੋ.ਅ.-1)/38/RE/2017/6490-6516, ਮਿਤੀ 11.12.2017 (ਕਾਪੀ ਸਬੰਧਤ ਵਿਭਾਗਾਂ ਦੇ ਮੁੱਖੀਆਂ ਨੂੰ) ਰਾਹੀਂ ਮੰਗੀ ਗਈ ਸੂਚਨਾ ਵੀ ਆਪ ਦੇ ਕੰਟਰੋਲ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਪਾਸੋਂ ਤੁਰੰਤ ਮੁਹੱਈਆ ਕਰਵਾਉਣ ਦੀ ਖੇਚਲ ਕੀਤੀ ਜਾਵੇ ਤਾਂ ਜੋ ਕਿ ਐਸ.ਸੀ.ਐਸ.ਪੀ. 2018-19 ਨੂੰ ਤਿਆਰ ਕਰਨ ਸਮੇਂ, ਐਸ.ਸੀ.ਐਸ.ਪੀ. 2017-18 ਦੀ ਮੌਜੂਦਾ ਸਥਿਤੀ ਨੂੰ ਵੀ ਧਿਆਨ ਵਿੱਚ ਰੱਖਿਆ ਜਾ ਸਕੇ। ਇਸ ਤੋਂ ਇਲਾਵਾ ਐਸ.ਸੀ.ਐਸ.ਪੀ 2017-18 ਅਧੀਨ ਆਉਂਦੀਆਂ ਅਨੁਸੂਚਿਤ ਜਾਤੀਆਂ ਲਈ exclusive ਸਕੀਮਾਂ ਤਹਿਤ ਵਿੱਤ ਵਿਭਾਗ ਪਾਸੋਂ ਪਹਿਲਤਾ ਦੇ ਅਧਾਰ ਤੇ ਫੰਡ ਜਾਰੀ ਕਰਵਾਉਣ ਲਈ ਬਣਦੀ ਕਾਰਵਾਈ ਕੀਤੀ ਜਾਵੇ।

5. ਐਸ.ਸੀ.ਐਸ.ਪੀ. 2018-19 ਦੇ ਸਕੀਮਵਾਰ ਖਰਚੇ ਦੇ ਅਨੁਮਾਨਾਂ ਨੂੰ ਇਸ ਵਿਭਾਗ ਵੱਲੋਂ ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਹੋਣ ਵਾਲੀਆਂ ਤਜਵੀਜਾਂ/ਵਿਭਾਗਾਂ ਨਾਲ ਵਿਚਾਰ-ਵਟਾਂਦਰੇ ਦੇ ਆਧਾਰ ਤੇ ਅੰਤਿਮ ਕੀਤਾ ਜਾਵੇਗਾ। ਵਿੱਤ ਵਿਭਾਗ ਦੇ ਉਪਰੋਕਤ ਪੱਤਰ ਮਿਤੀ 30.11.2017 ਰਾਹੀਂ ਜਾਰੀ ਕੀਤੀਆਂ ਬਜਟ ਅਗਵਾਈ ਲੀਹਾਂ 2018-19 ਦੇ ਸਨਮੁੱਖ, ਇਸ ਵਿਭਾਗ ਵੱਲੋਂ ਸੂਚਿਤ ਕੀਤੇ ਐਸ.ਸੀ.ਐਸ.ਪੀ.2018-19 ਦੇ ਸਕੀਮਵਾਰ ਖਰਚੇ ਦੇ ਅੰਤਿਮ ਅਨੁਮਾਨਾਂ ਨੂੰ ਸਬੰਧਤ ਵਿਭਾਗਾਂ ਵੱਲੋਂ ਆਪਣੇ ਪੱਧਰ ਤੇ ਵਿੱਤ ਵਿਭਾਗ ਦੀ IFMS ਐਪਲੀਕੇਸ਼ਨ ਵਿਚ ਬਜਟ 2018-19 ਦੀਆਂ ਸਬੰਧਤ ਸਕੀਮਾਂ ਦੇ ਖਰਚੇ ਦੇ ਅਨੁਮਾਨਾਂ ਦੇ ਨਾਲ ਹੀ ਐਸ.ਓ.ਈ. ਵਾਈਜ਼ ਆਨਲਾਈਨ ਫੀਡ ਕੀਤਾ ਜਾਣਾ ਹੈ।

6. ਉਪਰੋਕਤ ਦੇ ਸਨਮੁੱਖ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਪਣੇ ਅਧੀਨ ਆਉਂਦੇ ਵਿਭਾਗਾਂ/ਅਦਾਰਿਆਂ ਨੂੰ ਹਦਾਇਤ ਕਰਨ ਦੀ ਕ੍ਰਿਪਾਲਤਾ ਕਰੋ ਕਿ ਉਹ ਐਸ.ਸੀ.ਐਸ.ਪੀ. 2018-19 ਲਈ ਉਕਤ ਅਨੁਸਾਰ ਵਿਸਥਾਰ ਪੂਰਵਕ ਤਜ਼ਵੀਜ਼ਾਂ/ਸੂਚਨਾ ਤਿਆਰ ਕਰਕੇ ਇਸ ਵਿਭਾਗ ਨੂੰ ਨੱਥੀ ਅਨੈਕਸਚਰ ਅਨੁਸਾਰ ਮਿਤੀ 5.1.2018 ਤੱਕ ਭੇਜਣਾ ਯਕੀਨੀ ਬਨਾਉਣ ਤਾਂ ਜੋ ਇਨ੍ਹਾਂ ਤਜ਼ਵੀਜ਼ਾਂ ਨੂੰ ਆਪਸੀ ਵਿਚਾਰ-ਵਟਾਂਦਰੇ ਉਪਰੰਤ ਅੰਤਿਮ ਰੂਪ ਦੇ ਕੇ ਐਸ.ਸੀ.ਐਸ.ਪੀ. 2018-19 ਦਸਤਾਵੇਜ਼ ਸਮੇਂ-ਸਿਰ ਤਿਆਰ ਕੀਤਾ ਜਾ ਸਕੇ।

7. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

ਵਿਸ਼ਵਾਸਪਾਤਰ,

02/1/2018

(ਆਰ. ਵੈਂਕਟ ਰਤਨਮ) ਆਈ.ਏ.ਐਸ.
ਪ੍ਰਮੁੱਖ ਸਕੱਤਰ, ਅਨੁਸੂਚਿਤ ਜਾਤੀਆਂ,
ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ
ਵਰਗ, ਭਲਾਈ ਵਿਭਾਗ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(III)/2017/52-99 ਮਿਤੀ: 02-1-2018

ਉਪਰੋਕਤ ਦਾ ਇੱਕ ਉਤਾਰਾ ਐਸ.ਸੀ.ਐਸ.ਪੀ. ਨਾਲ ਸਬੰਧਤ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਐਸ.ਸੀ.ਐਸ.ਪੀ. 2018-19 ਲਈ ਤਜ਼ਵੀਜ਼ਾਂ ਨੱਥੀ ਅਨੈਕਸਚਰ ਅਨੁਸਾਰ ਮਿਤੀ 5-1-2018 ਤੱਕ ਭੇਜਣੀਆਂ ਯਕੀਨੀ ਬਣਾਈਆਂ ਜਾਣ। ਐਮ.ਐਸ. ਐਕਸਲ ਐਪਲੀਕੇਸ਼ਨ ਵਿਚ ਤਿਆਰ ਕੀਤੇ ਇਸ ਅਨੈਕਸਚਰ ਦੀ ਸਾਫਟ ਕਾਪੀ ਇਸ ਵਿਭਾਗ ਦੀ ਵੈਬਸਾਇਟ www.welfarepunjab.gov.in ਦੇ ਵੈਬ ਪੇਜ Directorate of SCSP ਦੇ ਲਿੰਕ Recent Notifications/Meetings/Letters ਤੋਂ ਡਾਉਨਲੋਡ ਕੀਤੀ ਜਾ ਸਕਦੀ ਹੈ।

2/01/2018

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(III)/2017/100 ਮਿਤੀ: 02-1-2018

ਉਪਰੋਕਤ ਦਾ ਇੱਕ ਉਤਾਰਾ ਬਜਟ ਅਫਸਰ, ਵਿੱਤ ਵਿਭਾਗ, ਪੰਜਾਬ ਨੂੰ ਵਿੱਤ ਵਿਭਾਗ (ਵਿੱਤ ਬਜਟ-1 ਸਾਖਾ) ਦੇ ਪੱਤਰ ਨੰ: 1/12/2017-1 ਵਿ.ਬ. 1/3487 ਮਿਤੀ 30.11.2017 ਦੇ ਹਵਾਲੇ ਵਿਚ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

02/01/2018

ਡਾਇਰੈਕਟਰ(ਐਸ.ਸੀ.ਐਸ.ਪੀ)-ਕਮ-ਸੰਯੁਕਤ ਸਕੱਤਰ

ਪਿੱਠਅੰਕਣ ਨੰ: ਐਸ.ਸੀ.ਐਸ.ਪੀ(ਖੋ.ਅ-1)-38(III)/2017/101 ਮਿਤੀ: 02-1-2018

ਉਪਰੋਕਤ ਦਾ ਇੱਕ ਉਤਾਰਾ ਇੰਚਾਰਜ ਟੀ.ਸੀ.ਐਸ/ਆਈ.ਐਫ.ਐਮ.ਐਸ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

02/01/2018

ਡਾਇਰੈਕਟਰ(ਐਸ.ਸੀ.ਐਸ.ਪੀ.)-ਕਮ-ਸੰਯੁਕਤ ਸਕੱਤਰ

ANNEXURE

## Scheduled Castes Sub Plan (SCSP) 2018-19 Formulation

**Name of Department:**

(Rs. in lac)

| Sr. No. | Scheme | | Estimates of Expenditure for Budget 2018-19 (Other than erstwhile Non-Plan Schemes) | | | | SCSP 2018-19 (Estimates of Expenditure) | | | | | |
|---|---|---|---|---|---|---|---|---|---|---|---|---|
| | Code | Name | Centre Share | State Share | Total (3+4) | Capital content out of Col. 5 | Centre Share (out of Col.3) | State Share (out of Col.4) | Total (7+8) | Capital content out of Col. 9 | Total beneficiary share out of Col.9, for beneficiary oriented schemes | Women Component (WC) out of Col.11 |
| 0 | 1 | 2 | 3 | 4 | 5 | 6 | 7 | 8 | 9 | 10 | 11 | 12 |
| | | | | | | | | | | | | |
| | | | | | | | | | | | | |
| | | | | | | | | | | | | |

**ANNEXURE (Contd.)**

**Scheduled Castes Sub Plan (SCSP) 2018-19 Formulation**

## Name of Department:

| Sr. No. | Scheme | | SCSP 2018-19 Physical targets vis-à-vis Col. 9 | | | Remarks (if any) for SCSP 2018-19 proposal |
|---|---|---|---|---|---|---|
| | Code | Name | Unit | Total Number | Women Component (WC) out of Col.14, for beneficiary oriented schemes | |
| 0 | 1 | 2 | 13 | 14 | 15 | 16 |
| | | | | | | |
| | | | | | | |
| | | | | | | |